ਨੌਰਵੇ ਵਿੱਚ ਪਰਵਾਸੀ ਪੰਜਾਬੀਆਂ ਦੀ ਦੀਵਾਲੀ

> "ਦੀਵਾਲੀ ਦੀ ਰਾਤ ਨੂੰ ਕਿਤੇ ਵੀ ਕੋਈ ਆਤਿਸ਼ਬਾਜ਼ੀ ਜਾਂ ਪਟਾਕੇ ਵਗੈਰਾ ਨਹੀਂ ਚਲਾਏ ਜਾਂਦੇ। ਇੱਥੇ ਪਟਾਕੇ ਜਾਂ ਆਤਿਸ਼ਬਾਜ਼ੀ ਸਿਰਫ ਨਵੇਂ ਸਾਲ 'ਤੇ ਚਲਾਏ ਜਾਂਦੇ ਹਨ ਉਹ ਵੀ ਸਰਕਾਰੀ ਇਜਾਜ਼ਤ ਨਾਲ ਅਤੇ ਜਾਂ ਫਾਇਰ ਬ੍ਰਿਗੇਡ ਵਾਲੇ ਚਲਾਉਂਦੇ ਹਨ। ਨੌਰਵੇ ਵਿੱਚ ਪੰਜਾਬੀ ਲੋਕ ਬੜੇ ਸਾਦੇ ਢੰਗ ਨਾਲ ਦੀਵਾਲੀ ਮਨਾਉਂਦੇ ਹਨ ਪਰ ਇੰਗਲੈਂਡ ਵਿੱਚ ਪੰਜਾਬੀ ਅਤੇ ਭਾਰਤੀ ਲੋਕ ਜ਼ਿਆਦਾ ਵਸਦੇ ਹਨ ਤਾਂ ਕਰਕੇ ਉਹ ਕਾਫੀ ਧੂਮ-ਧਾਮ ਨਾਲ ਦੀਵਾਲੀ ਮਨਾਉਂਦੇ ਹਨ। ਉੱਥੇ ਦੁਕਾਨਾਂ 'ਤੇ ਪਟਾਕੇ ਵਗੈਰਾ ਆਮ ਮਿਲ ਜਾਂਦੇ ਹਨ ਤੇ ਬਰਮਿੰਘਮ ਵਿਖੇ ਸੋਹੋ ਰੋਡ 'ਤੇ ਸਾਡੇ ਮੁਲਕ ਵਾਂਗ ਹੀ ਮਿੱਟੀ ਦੇ ਦੀਵੇ ਵੀ ਮਿਲਦੇ ਹਨ ਤੇ ਲੋਕ ਸਰ੍ਹੋਂ ਦੇ ਤੇਲ ਦੇ ਦੀਵੇ ਜਗਾਉਂਦੇ ਹਨ। ਬੇਸ਼ੱਕ ਇੱਥੇ ਵੀ ਲੱਕੜ ਦੇ ਘਰ ਹੋਣ ਕਾਰਨ ਗਿਣਤੀ ਦੇ ਦੀਵੇ ਹੀ ਜਗਾਏ ਜਾਂਦੇ ਹਨ। ਕੁਝ ਲੋਕ ਮੋਮ-ਬੱਤੀ ਦੀਵੇ ਖਿੜਕੀ ਵਿੱਚ ਜਗਾ ਕੇ ਰੱਖ ਲੈਂਦੇ ਹਨ ਤੇ ਇੱਕ-ਇੱਕ ਦੀਵਾ ਕਮਰਿਆਂ ਆਦਿ ਵਿੱਚ ਪਰ ਉਨ੍ਹਾਂ ਦਾ ਧਿਆਨ ਰੱਖਿਆ ਜਾਂਦਾ ਹੈ।"

[illegible]